# ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਸ਼ਾਹਕੋਟ।

ਨੰਬਰ:ਸੀ.ਸ/ਸ.ਰ.ਸ/ 47 ਮਿਤੀ 21.06.2024

arshahkot@gmail.com

ਸੇਵਾ ਵਿਖੇ

ਮਾਨਯੋਗ ਰਜਿਸਟਰਾਰ
ਸਹਿਕਾਰੀ ਸਭਾਵਾਂ, ਪੰਜਾਬ,
ਚੰਡੀਗੜ੍ਹ।

ਵਿਸ਼ਾ:- ਦੀ ਰੂਪੇਵਾਲੀ ਬਹੁਮੰਤਵੀ ਸਹਿਕਾਰੀ ਸਭਾ ਲਿਮ. ਰੂਪੇਵਾਲੀ ਵਿੱਚ ਸੇਲਜ਼ਮੈਨ ਦੀ ਖਾਲੀ ਆਸਮੀ ਦੀ ਭਰਤੀ ਲਈ ਇੰਟਰਵਿਊ ਮਿਤੀ 03.07.2024 ਸਬੰਧੀ ਇਸ਼ਤਿਹਾਰ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਸਬੰਧੀ।

ਹਵਾਲਾ:- ਆਪ ਜੀ ਦੇ ਦਫ਼ਤਰ ਦੇ ਪੱਤਰ ਨੰ ਰਸਸ/ਰਿਟ-2/ਸੀ.ਈ.ਏ.2/ਨਿ: ਸ਼ਾਹਕੋਟ/3194 ਮਿਤੀ 15.03.2024

ਯਾਦ ਪੱਤਰ

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਦੀ ਰੂਪੇਵਾਲੀ ਬਹੁਮੰਤਵੀ ਸਹਿਕਾਰੀ ਸਭਾ ਲਿਮ. ਰੂਪੇਵਾਲੀ ਵਿੱਚ ਸੇਲਜ਼ਮੈਨ ਦੀ ਖਾਲੀ ਆਸਮੀ ਦੀ ਭਰਤੀ ਲਈ ਇੰਟਰਵਿਊ ਮਿਤੀ 03.07.2024 ਨੂੰ ਰੱਖੀ ਗਈ ਹੈ। ਇਸ ਸਬੰਧੀ ਅੱਜ ਮਿਤੀ 18.06.2024 ਨੂੰ ਪੰਜਾਬੀ ਅਤੇ ਅੰਗਰੇਜ਼ੀ ਅਖਬਾਰ ਵਿੱਚ ਇਸ਼ਤਿਹਾਰਾਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਨਾ ਪ੍ਰਕਾਸ਼ਿਤ ਇਸ਼ਤਿਹਾਰਾਂ ਦੀਆਂ ਕਾਪੀਆਂ ਆਪ ਜੀ ਨੂੰ ਇਸ ਪੱਤਰ ਨਾਲ ਨੱਥੀ ਕਰਕੇ ਸਹਿਕਾਰਤਾ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ ਅਗਲੀ ਯੋਗ ਕਾਰਵਾਈ ਹਿੱਤ ਭੇਜੀਆ ਜਾਂਦੀਆ ਹਨ।

ਨੱਥੀ:- ਉਕਤ ਅਨੁਸਾਰ
(1) ਅੰਗਰੇਜ਼ੀ ਅਖਬਾਰ Yugmarg
(2) ਪੰਜਾਬੀ ਅਖਬਾਰ ਨਵਾਂ ਜ਼ਮਾਨਾ
(3) ਨੱਥੀ [illegible]

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ,ਸ਼ਾਹਕੋਟ।

certified that I have complied with other legal requirements in this connection

90002

**PUBLIC NOTICE**

It is Notified for the information that Co-Op Agri. Multi. Society ltd. Rupewall is filling up the 01 post of Salesman on DC rates basis, candidate must be Graduate, he has completed Computer Course of must acknowledge of typing in Punjabi & English, Candidate must be preferred with in area opration of Society and to be experienced. Applications should be submitted by hand and society office by 5 P.M on date 02/07/2024 interview will be held by 10:00 A.M on 03/07/2024 at Society office.

From President
The Rupewali C.A.M.PS. LTD.
Tehsil Shahkot (Jalandhar)

I, Sukhwant Singh ... Santokh Singh ... Badowal, P.O. ... Hoshiarpur have ... name from Suk... Kharigura to Suk... All please note.

I, Prem Lal S/o Sh... Vill. Atta, P.O. ... Jalandhar have ... Minor Daughter's ... Loveleen to Lovele... concerned please n...

ਅੰਗਰੇਜ਼ੀ ਅਖ਼ਬਾਰ Yugmarg

---

1231/24

## ਦੀ ਰੁਪੇਵਾਲੀ ਕੋਆਪ੍ਰੇਟਿਵ ਐਗਰੀ. ਮਲਟੀਪਰਪਜ਼ ਸਭਾ ਲਿਮ. ਰੁਪੇਵਾਲੀ, ਪਿੰਡ ਰੁਪੇਵਾਲੀ, ਤਹਿ. ਸ਼ਾਹਕੋਟ (ਜਲੰਧਰ)

### ਆਮ ਸੂਚਨਾ

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੋਆਪ੍ਰੇਟਿਵ ਐਗਰੀਕਲਚਰ, ਮਲਟੀ ਸਰਵਿਸ ਸੁਸਾਇਟੀ ਲਿਮਟਿਡ ਰੁਪੇਵਾਲੀ ਵਿਚ ਡੀ. ਸੀ. ਰੇਟਾਂ 'ਤੇ ਸੇਲਜ਼ਮੈਨ ਦੀ ਭਰਤੀ ਕੀਤੀ ਜਾਣੀ ਹੈ। ਉਮੀਦਵਾਰ ਗਰੈਜੂਏਟ ਹੋਣਾ ਚਾਹੀਦਾ ਹੈ ਅਤੇ ਉਸ ਨੇ ਕੰਪਿਊਟਰ ਦਾ ਕੋਰਸ ਕੀਤਾ ਹੋਵੇ। ਪੰਜਾਬੀ, ਅੰਗਰੇਜ਼ੀ ਟਾਈਪਿੰਗ ਕਰਨੀ ਜਾਣਦਾ ਹੋਵੇ, ਸਭਾ ਦੇ ਦਾਇਰਾ ਕਾਰੋਬਾਰ ਵਿਚ ਰਹਿਣ ਵਾਲੇ ਤਜਰਬੇਕਾਰ ਉਮੀਦਵਾਰ ਨੂੰ ਪਹਿਲ ਦਿੱਤੀ ਜਾਵੇਗੀ। ਉਮੀਦਵਾਰਾਂ ਵਲੋਂ ਦਰਖਾਸਤਾਂ ਮਿਤੀ 02.07.2024 ਨੂੰ ਸ਼ਾਮ 5 ਵਜੇ ਤੱਕ ਸਭਾ ਵਿਚ ਪਹੁੰਚ ਜਾਣੀਆਂ ਚਾਹੀਦੀਆਂ ਹਨ। ਦਰਖਾਸਤਾਂ ਦਸਤੀ ਲਈਆਂ ਜਾਣਗੀਆਂ। ਇਸ ਸਬੰਧੀ ਇੰਟਰਵਿਊ ਮਿਤੀ 03.07.2024 ਨੂੰ ਸਵੇਰੇ 10 ਵਜੇ ਸਭਾ ਦੇ ਦਫ਼ਤਰ ਵਿਚ ਹੋਵੇਗੀ।

ਵੱਲੋਂ : ਪ੍ਰਧਾਨ , ਦੀ ਰੁਪੇਵਾਲੀ, C.A.M.P.S. Ltd., ਤਹਿਸੀਲ ਸ਼ਾਹਕੋਟ (ਜਲੰਧਰ)

ਉੱਤਰ ਰੇਲਵੇ

ਨਿਵਿਦਾ ਸੂਚਨਾ

Batala Road, District Amritsa... Changed My Name From Ritu ... Beri. Dob 08-07-1964

I, Gurjant Singh S/O S... Singh R/O Village Nibbarwi... Mattewal Tahsil Baba Bakala ... Amritsar Have Changed My ... Gurjant Is My Given Name And ... Is My Surname.

I, Paramjeet Singh S/O J... Singh R/O H.no.832 A, Tha... Estate, Fgc Road, Amritsar Changed My Name From Par... Singh To Paramjit Singh

I, Bhupinder Singh Bhati ... Hukam Singh R/O H.no.191 No.4, Sudarshan Nagar, Sulta... Road, Amritsar Have Change... Name From Bhupinder Singh ... To Bhupinder Singh

I, Ruchi Arora D/O Raj ... Arora W/O Amit Mehra R/O H.n... Sja Avenue, Phase-ii, Lane ... Airport Road, Amritsar Changed My Name From Ruchi ...

ਪੰਜਾਬੀ ਅਖ਼ਬਾਰ ਰੋਜ਼ਾਨਾ ਅਜੀਤ

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ ਸ਼ਾਹਕੋਟ

# ਦਫਤਰ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ।
(ਰਿਣ-2 ਸ਼ਾਖਾ)

ਵੱਲ,

ਸੰਯੁਕਤ ਰਜਿਸਟਰਾਰ,
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।
ਮੀਮੋ ਨੰ: ਰਸਸ/ਰਿਣ-2/ਸੀ.ਈ.ਏ.2/ਨਿ:ਸ਼ਾਹਕੋਟ/319 ਮਿਤੀ: 15/3/24

ਵਿਸ਼ਾ:- ਦੀ ਰੂਪੇਵਾਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਵਿੱਚ ਸੇਲਜਮੈਨ ਦੀ ਨਿਯੁਕਤੀ ਦੀ ਪ੍ਰਵਾਨਗੀ ਸਬੰਧੀ।

ਹਵਾਲਾ:- ਆਪ ਜੀ ਦੇ ਦਫਤਰ ਦਾ ਪੱਤਰ ਨੰ. ਪੀ.ਏ/ਸੰਰਜ/ਜਲੰਧਰ/216 ਮਿਤੀ 13.2.2024।

ਉਪਰੋਕਤ ਵਿਸ਼ੇ ਸਬੰਧੀ ਦੀ ਰੂਪੇਵਾਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ: ਦੀ ਪ੍ਰਬੰਧਕ ਕਮੇਟੀ ਵੱਲੋਂ ਪਾਸ ਕੀਤੇ ਮਤੇ ਮਿਤੀ 09.01.2024, 28.02.2024, ਆਪ ਦੀ ਸਿਫਾਰਸ਼ ਅਤੇ ਸਹਾਇਕ ਰਜਿਸਟਰਾਰ, ਸਸ, ਸ਼ਾਹਕੋਟ ਦੇ ਪੱਤਰ ਆਰਕੇ1/ਸਰਸ/12 ਮਿਤੀ 05.03.2024 ਰਾਹੀਂ ਪ੍ਰਾਪਤ ਰਿਪੋਰਟ/ਸਿਫਾਰਸ਼ ਨੂੰ ਮੁੱਖ ਰੱਖਦੇ ਹੋਏ ਦੀ ਰੂਪੇਵਾਲੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮ:ਰੂਪੇਵਾਲੀ ਤਹਿਸੀਲ ਸ਼ਾਹਕੋਟ ਜਿਲਾ ਜਲੰਧਰ ਵਿੱਚ ਇੱਕ ਸੇਲਜ਼ਮੈਨ ਡੀ.ਸੀ.ਰੇਟ ਤੇ ਸਿਰਫ ਕੰਟਰੈਕਟ ਬੇਸ ਤੇ ਰੱਖਣ ਦੀ ਪ੍ਰਵਾਨਗੀ ,ਰੂਲਜ਼/ਹਦਾਇਤਾਂ ਅਤੇ ਇਸ ਦਫਤਰ ਵੱਲੋਂ ਜ਼ਾਰੀ ਰਸਸ/ਰਿਣ-2/6601 ਮਿਤੀ 14.8.14 ਦੀ ਰੋਸ਼ਨੀ ਵਿੱਚ ਹੇਠ ਲਿਖੀਆਂ ਸ਼ਰਤਾਂ ਤੇ ਦਿੱਤੀ ਜਾਂਦੀ ਹੈ:-

1.ਸਭਾ ਵਿੱਚ ਸੇਲਜ਼ਮੈਨ ਆਰਜ਼ੀ ਤੌਰ ਤੇ ਹੀ ਰੱਖਿਆ ਜਾਵੇਗਾ। ਜੇਕਰ ਸਭਾ ਕਿਸੇ ਸਮੇਂ ਘਾਟੇ ਵਿੱਚ ਚਲੀ ਜਾਂਦੀ ਹੈ ਤਾਂ ਸਭਾ ਇਸ ਨਿਯੁਕਤੀ ਨੂੰ ਰੱਦ ਕਰੇਗੀ।

2.ਇਸ ਪ੍ਰਵਾਨਗੀ ਉਪਰੰਤ ਸਭਾ ਵਿੱਚ ਕੇਵਲ ਉਹ ਕਰਮਚਾਰੀ ਹੀ ਨਿਯੁਕਤ ਕੀਤਾ ਜਾਵੇਗਾ ਜੋ ਸੋਧੇ ਹੋਏ ਸਰਵਿਸ ਰੂਲਜ਼ ਅਨੁਸਾਰ ਯੋਗਤਾ ਪੂਰੀ ਕਰਦਾ ਹੋਵੇ।

3.ਸਭਾ ਵਿੱਚ ਨਵ-ਨਿਯੁਕਤ ਕਰਮਚਾਰੀ ਨੂੰ Regular Grade ਇਸ ਦਫਤਰ ਦੇ ਪੱਤਰਨੰ: ਰਸਸ/ਰਿਣ-2/ਸੀ.ਈ.ਏ.1/ਮੰਗਾਂ/310 ਮਿਤੀ 08.07.2016 ਦੀ ਪਾਲਣਾ ਉਪਰੰਤ ਹੀ ਦਿੱਤੇ ਜਾ ਸਕਦੇ ਹਨ।

4.ਸਭਾ ਦੇ ਇਸ ਭਰਤੀ ਸਬੰਧੀ ਅਖਬਾਰ ਵਿਚ ਇਸ਼ਤਿਹਾਰ ਦੇਣ ਵੇਲੇ ਖੇਤਰੀ ਦਫਤਰ ਸਹਿਕਾਰਤਾ ਵਿਭਾਗ ਦੀ ਵੈਬਸਾਈਟ ਤੇ ਇਸ ਭਰਤੀ ਸਬੰਧੀ ਇਸ਼ਤਿਹਾਰ ਅਪਲੋਡ ਕਰਨ ਸਬੰਧੀ ਕਾਰਵਾਈ ਮੁੱਖ ਦਫਤਰ ਦੇ Computer Cell ਨਾਲ ਸਿੱਧੇ ਤੌਰ ਤੇ ਰਾਬਤਾ ਕਾਇਮ ਕਰਦੇ ਅਗਲੀ ਲੋੜੀਂਦੀ ਕਾਰਵਾਈ ਸਮੇਂ ਸਿਰ ਕਰਨਗੇ।

ਇਸ ਤੋਂ ਇਲਾਵਾ ਇਹ ਸ਼ਰਤ ਲਗਾਈ ਜਾਂਦੀ ਹੈ ਕਿ ਸਭਾ ਵੱਲੋਂ ਐਗਰੋ ਸਰਵਿਸ ਸੈਂਟਰ ਦੇ ਨਾਲ ਖਾਦ, ਜ਼ਰੂਰੀ ਵਸਤਾਂ, ਐਗਰੋ ਕੈਮੀਕਲਜ਼ ਅਤੇ ਪਸ਼ੂ ਖੁਰਾਕ ਆਦਿ ਦੀ ਵਿਕਰੀ ਕਰਕੇ ਸਭਾ ਦੀ ਆਮਦਨ ਨੂੰ ਵਧਾਇਆ ਜਾਵੇਗਾ। ਕਰਮਚਾਰੀਆਂ ਦੀ ਤਨਖਾਹ ਤੇ ਖਰਚਾ ਰੂਲਜ਼ ਅਨੁਸਾਰ ਹੀ ਕੀਤਾ ਜਾਵੇਗਾ। ਨਿਯੁਕਤੀ ਸਮੇਂ ਇਸ ਦਫਤਰ ਤੋਂ ਜਾਰੀ ਪੱਤਰ ਨੰ: ਰਿਣ /ਸੀ.ਏ-5/8017 ਮਿਤੀ 1.6.2005 ਅਨੁਸਾਰ ਸਰਪੱਲਸ ਸਟਾਫ ਸਬੰਧੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

ਇਹ ਪੱਤਰ ਮਾਨਯੋਗ ਵਧੀਕ ਰਜਿਸਟਰਾਰ(ਰਿਣ) ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

ਸੰਯੁਕਤ ਰਜਿਸਟਰਾਰ(1)